# ਦਫਤਰ ਜਿਲ੍ਹਾ ਮੈਜਿਸਟਰੇਟ,ਕਪੂਰਥਲਾ।

ਹੁਕਮ:

ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ ਪ੍ਰਕਾਸ਼ ਉਤਸਵ ਮਿਤੀ 01-02-2026 ਨੂੰ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ।ਇਸ ਸਬੰਧ ਵਿੱਚ ਵੱਖ-ਵੱਖ ਜੱਥੇਬੰਦੀਆਂ ਵੱਲੋਂ ਸਬ ਡਵੀਜਨ ਕਪੂਰਥਲਾ ਵਿੱਚ ਮਿਤੀ 30-01-2026 ਨੂੰ ਅਤੇ ਸਬ ਡਵੀਜਨ ਫਗਵਾੜਾ ਵਿੱਚ ਮਿਤੀ 31-01-2026 ਨੂੰ ਸ਼ੋਭਾਯਾਤਰਾ ਕੱਢੀਆ ਜਾਣੀਆ ਹਨ।ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਧਿਆਨ ਵਿੱਚ ਰੱਖਦੇ ਹੋਏ, ਅਮਨ ਅਤੇ ਕਾਨੂੰਨ ਦੀ ਸਥਿਤੀ ਬਹਾਲ ਰੱਖਣ ਲਈ ਸਬ ਡਵੀਜਨ ਕਪੂਰਥਲਾ ਅਤੇ ਫਗਵਾੜਾ ਵਿੱਚ ਸ਼ੋਭਾਯਾਤਰਾ ਦੌਰਾਨ ਸ਼ੋਭਾਯਾਤਰਾ ਦੇ ਰੂਟ ਤੇ ਪੈਂਦੀਆਂ ਮੀਟ ਅਤੇ ਸ਼ਰਾਬ ਦੀਆਂ ਸਾਰੀਆਂ ਦੁਕਾਨਾਂ ਬੰਦ ਕਰਨੀਆਂ ਜਰੂਰੀ ਹਨ।

ਇਸ ਲਈ, ਮੈ, ਅਮਿਤ ਕੁਮਾਰ , ਆਈ.ਏ.ਐਸ., ਜ਼ਿਲਾ ਮੈਜਿਸਟਰੇਟ, ਕਪੂਰਥਲਾ, ਭਾਰਤੀ ਨਾਗਰਿਕ ਸੁਰਕਸ਼ਾ ਸੰਹਿਤਾ 2023 ਦੀ ਧਾਰਾ 163 ਅਤੇ **Punjab Liquor Licence Rules, 1956 of Rule 37 (9)** ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋ ਕਰਦਾ ਹੋਇਆ ਮਿਤੀ 30-01-2026 ਨੂੰ ਸਬ ਡਵੀਜਨ ਕਪੂਰਥਲਾ ਅਤੇ ਮਿਤੀ 31-01-2026 ਨੂੰ ਸਬ ਡਵੀਜਨ ਫਗਵਾੜਾ ਵਿਖੇ ਸ਼ੋਭਾਯਾਤਰਾ ਦੌਰਾਨ ਸ਼ੋਭਾਯਾਤਰਾ ਦੇ ਰੂਟ ਤੇ ਮੀਟ/ਮੱਛੀ ਅਤੇ ਸ਼ਰਾਬ ਦੀਆਂ ਦੁਕਾਨਾਂ ਬੰਦ ਰੱਖਣ ਦਾ ਆਦੇਸ਼ ਦਿੰਦਾ ਹਾਂ।

ਸੀਨੀਅਰ ਪੁਲਿਸ ਕਪਤਾਨ, ਕਪੂਰਥਲਾ ਅਤੇ ਸਹਾਇਕ ਕਮਿਸ਼ਨਰ (ਆਬਕਾਰੀ) ਕਪੂਰਥਲਾ ਰੇਂਜ ਵੱਲੋਂ ਇਹਨਾਂ ਹੁਕਮਾਂ ਦੀ ਪਾਲਣਾ ਕਰਵਾਏ ਜਾਣ ਨੂੰ ਯਕੀਨੀ ਬਣਾਇਆ ਜਾਵੇਗਾ।

ਇਹ ਹੁਕਮ ਮਾਮਲੇ ਦੀ ਤੱਤਪਰਤਾ ਨੂੰ ਧਿਆਨ ਵਿੱਚ ਰੱਖਦੇ ਹੋਏ ਇੱਕਤਰਫਾ ਜਾਰੀ ਕੀਤਾ ਜਾਂਦਾ ਹੈ ਅਤੇ ਆਮ ਜਨਤਾ ਨੂੰ ਸੰਬੋਧਿਤ ਕੀਤਾ ਜਾਂਦਾ ਹੈ।ਇਸ ਹੁਕਮ ਦਾ ਪ੍ਰਚਾਰ ਜਿਲਾ ਲੋਕ ਸੰਪਰਕ ਅਫਸਰ, ਕਪੂਰਥਲਾ ਵੱਲੋ ਪ੍ਰਿੰਟ/ਇਲੈਕਟ੍ਰੋਨਿਕ ਮੀਡੀਆ ਰਾਹੀ ਕੀਤਾ ਜਾਵੇ।ਇਸ ਤੋ ਇਲਾਵਾ ਇਸ ਹੁਕਮ ਦੀਆਂ ਕਾਪੀਆਂ ਆਮ ਜਨਤਾ ਦੀ ਜਾਣਕਾਰੀ ਲਈ ਸਬ ਡਵੀਜਨ ਫਗਵਾੜਾ ਦੇ ਵੱਖ ਵੱਖ ਦਫਤਰਾਂ ਜਿਵੇ ਕਿ ਉਪ ਮੰਡਲ ਮੈਜਿਸਟਰੇਟ/ਤਹਿਸੀਲ/ਨਗਰ ਨਿਗਮ/ਬੀ.ਡੀ.ਪੀ.ਓ. ਅਤੇ ਰੇਲਵੇ ਸਟੇਸ਼ਨ,ਬੱਸ ਅੱਡਾ,ਸਦਰ ਮੁਕਾਮਾਂ ਦੇ ਨੋਟਿਸ ਬੋਰਡਾਂ ਤੇ ਚਿਸਪਾ ਕੇ ਲਾਗੂ ਕੀਤਾ ਜਾਵੇ।

ਇਹ ਹੁਕਮ ਮਿਤੀ 29/01/2026 ਨੂੰ ਮੇਰੇ ਹਸਤਾਖਰਾਂ ਅਤੇ ਮੋਹਰ ਅਦਾਲਤ ਨਾਲ ਜਾਰੀ ਕੀਤਾ ਗਿਆ।

ਜਿਲ੍ਹਾ ਮੈਜਿਸਟਰੇਟ,
ਕਪੂਰਥਲਾ।

ਪਿੱਠ ਅੰਕਣ ਨੰਬਰ 2334 - 2352 /ਐਮ.ਏ. ਮਿਤੀ: 29/01/2026

ਇਸ ਦਾ ਇਕ ਉਤਾਰਾ:-

1. ਮੁੱਖ ਸਕੱਤਰ,ਪੰਜਾਬ ਸਰਕਾਰ,ਚੰਡੀਗੜ੍ਹ।
2. ਗ੍ਰਹਿ ਸਕੱਤਰ,ਪੰਜਾਬ ਸਰਕਾਰ,ਚੰਡੀਗੜ੍ਹ।
3. ਆਬਕਾਰੀ ਤੇ ਕਰ ਕਮਿਸ਼ਨਰ,ਪਟਿਆਲਾ।
4. ਸਕੱਤਰ-ਕਮ-ਵਿੱਤ ਕਮਿਸ਼ਨਰ (ਟੈਕਸਏਸ਼ਨ)ਪੰਜਾਬ ਸਰਕਾਰ,ਚੰਡੀਗੜ੍ਹ।
5. ਕਮਿਸ਼ਨਰ, ਜਲੰਧਰ ਮੰਡਲ,ਜਲੰਧਰ।
6. ਸੀਨੀਅਰ ਪੁਲਿਸ ਕਪਤਾਨ ਕਪੂਰਥਲਾ।
7. ਕਮਿਸ਼ਨਰ,ਨਗਰ ਨਿਗਮ,ਕਪੂਰਥਲਾ/ਫਗਵਾੜਾ।
8. ਵਧੀਕ ਡਿਪਟੀ ਕਮਿਸ਼ਨਰ (ਜ),ਕਪੂਰਥਲਾ/ਫਗਵਾੜਾ।
9. ਉਪ ਮੰਡਲ ਮੈਜਿਸਟਰੇਟ, ਕਪੂਰਥਲਾ/ਫਗਵਾੜਾ।
10. ਡਿਪਟੀ ਡਾਇਰੈਕਟਰ ਪਸ਼ੂ ਪਾਲਣ ਕਪੂਰਥਲਾ।
11. ਸਹਾਇਕ ਆਬਕਾਰੀ ਤੇ ਕਰ ਕਮਿਸ਼ਨਰ,ਕਪੂਰਥਲਾ।
12. ਜਿਲਾ ਲੋਕ ਸੰਪਰਕ ਅਫਸਰ,ਕਪੂਰਥਲਾ।
13. ਪੀ.ਏ.ਟੂ ਡੀ.ਐਮ/ਸਟੈਨੋ ਟੂ ਏ.ਡੀ.ਐਮ/ਏ.ਸੀ.(ਜ)/ਡੀ.ਆਰ.ਓ ਕਪੂਰਥਲਾ
    ਜੀ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਜਿਲ੍ਹਾ ਮੈਜਿਸਟਰੇਟ,
ਕਪੂਰਥਲਾ।